Jon furnishing of fresh process fee by the

ਦਫਤਰ: ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ, ਲੋਕ ਨਿਰਮਾਣ ਵਿਭਾਗ,
ਭਵਨ ਤੇ ਮਾਰਗ ਸ਼ਾਖਾ, ਨਿਰਮਾਣ ਭਵਨ, ਸੀ.ਬਲਾਕ, ਗਰਾਂਉਡ ਫਲੋਰ, ਫਿਰੋਜ਼ਪੁਰ
ਈ-ਮੇਲ eecd1fzrpwdpb@gmail.com ਫੋਨ/ਫੈਕਸ ਨੰ:01632-292530

ਵੱਲ

ਪ੍ਰਿੰਸੀਪਲ,
Lala Jagat Naryan Education College.
Vill Chak Arian Wala,
Sri Muktsar Road,
Jalalabad (west).

ਨੰਬਰ 1542/ME ਮਿਤੀ: 30-12-2024

ਵਿਸ਼ਾ: ਸਕੂਲ ਦੀ ਬਿਲਡਿੰਗ ਦਾ ਸੇਫਟੀ ਸਰਟੀਫਿਕੇਟ ਜਾਰੀ ਕਰਨ ਬਾਰੇ – Lala Jagat Naryan Education College Vill Chak Arian Wala Sri Muktsar Road Jalalabad (W) (ਸਾਲ 2024-25)

ਹਵਾਲਾ: ਆਪ ਦੀ ਪ੍ਰਤੀਬੇਨਤੀ ਨੰ. LJN/Misc/2325/681 ਮਿਤੀ 18.10.2024 ਜੋ ਕਿ ਇਸ ਦਫਤਰ ਵਿਖੇ ਮਿਤੀ 19.12.2024 ਨੂੰ ਪ੍ਰਾਪਤ ਹੋਈ।

ਉਪਰੋਕਤ ਵਿਸ਼ੇ ਦੇ ਸੰਬਧ ਵਿੱਚ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਆਪ ਦੇ ਕਾਲਜ ਦਾ ਨਿਰੀਖਣ ਉਪ ਮੰਡਲ ਇੰਜੀਨੀਅਰ, ਉਸਾਰੀ ਉਪ ਮੰਡਲ ਲੋ.ਨਿ.ਵਿ. ਭਤੇਮ ਸ਼ਾਖਾ, ਜਲਾਲਾਬਾਦ ਵੱਲੋਂ ਮਿਤੀ 24.12.2024 ਨੂੰ ਕਰ ਲਿਆ ਗਿਆ ਹੈ। ਆਪ ਵੱਲੋਂ ਜਮ੍ਹਾਂ ਕਰਵਾਏ ਗਏ ਡੀ.ਡੀ. ਨੰ. 064703 ਮਿਤੀ 24-12-2024 ਬਾਬਤ ਰਕਮ 10,000/- ਰੁਪਏ ਅਤੇ ਉਪ ਮੰਡਲ ਇੰਜੀਨੀਅਰ ਦੀ ਰਿਪੋਰਟ ਦੇ ਆਧਾਰ ਤੇ ਆਪ ਦੇ ਸਕੂਲ ਦੀ ਬਿਲਡਿੰਗ ਦੇਖਣ ਤੋਂ ਠੀਕ ਹੈ ਅਤੇ ਵਰਤਣਯੋਗ ਹੈ। ਇਸ ਲਈ ਆਪ ਨੂੰ ਹੇਠ ਲਿਖੀਆਂ ਸ਼ਰਤਾਂ ਦੇ ਆਧਾਰ ਤੇ ਸਕੂਲ ਦੀ ਬਿਲਡਿੰਗ ਦੇ ਸਿਵਲ ਵਰਕ ਦਾ ਸੇਫਟੀ ਸਰਟੀਫਿਕੇਟ ਸਾਲ 2024-25 (ਅੱਪਟੂ 31.03.2025) ਤੱਕ ਜਾਰੀ ਕੀਤਾ ਜਾਂਦਾ ਹੈ:-

1. ਇਸ ਬਿਲਡਿੰਗ ਦੀ ਹਰ ਸਾਲ ਮੁਰੰਮਤ ਕਰਵਾਈ ਜਾਵੇ ਅਤੇ ਹਰ ਸਾਲ ਇੰਸਪੈਕਸ਼ਨ ਕਰਵਾਈ ਜਾਵੇ।
2. ਇਸ ਬਿਲਡਿੰਗ ਦੀਆਂ ਛੱਤਾਂ ਉੱਪਰ ਅਤੇ ਆਲੇ-ਦੁਆਲੇ ਪਾਣੀ ਨਾ ਖੜ੍ਹਾ ਹੋਣ ਦਿੱਤਾ ਜਾਵੇ।
3. ਜੇਕਰ ਬਿਲਡਿੰਗ ਵਿੱਚ ਕਿਸੇ ਤਰ੍ਹਾਂ ਦੀ ਤਰੇੜ ਆ ਜਾਂਦੀ ਹੈ ਤਾਂ ਉਸ ਜਗ੍ਹਾਂ ਨੂੰ ਵਰਤੋਂ ਵਿੱਚ ਨਾ ਲਿਆਂਦਾ ਜਾਵੇ ਅਤੇ ਉਸ ਜਗ੍ਹਾਂ ਨੂੰ ਤੁਰੰਤ ਖਾਲੀ ਕਰਵਾ ਕੇ ਜਗ੍ਹਾਂ ਦੀ ਤੁਰੰਤ ਮੁਰੰਮਤ ਕਰਵਾਈ ਜਾਵੇ।
4. ਬਿਲਡਿੰਗ ਦੀ ਹਰ ਪੱਖੋਂ ਸੇਫਟੀ ਦੀ ਜਿੰਮੇਵਾਰੀ ਸੰਸਥਾ ਦੀ ਹੋਵੇਗੀ। ਅੱਗ ਬੁਝਾਊ ਯੰਤਰ ਚਾਲੂ ਹਾਲਤ ਵਿੱਚ ਹੋਣੇ ਚਾਹੀਦੇ ਹਨ।
5. ਜੇਕਰ ਕਿਸੇ ਕੁਦਰਤੀ ਆਫਤ ਕਾਰਨ ਜਾਂ ਕਿਸੇ ਵੀ ਕਾਰਨ ਬਿਲਡਿੰਗ ਦਾ ਨੁਕਸਾਨ ਹੁੰਦਾ ਹੈ ਤਾਂ ਤੁਰੰਤ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇ।
6. ਜੇਕਰ ਬਿਲਡਿੰਗ ਵਿੱਚ ਕਿਸੇ ਤਰ੍ਹਾਂ ਦਾ ਵਾਧਾ ਕਰਨਾ ਹੋਵੇ ਤਾਂ ਆਰਕੀਟੈਕਟ ਤੋਂ ਪਾਸ ਕਰਵਾਇਆ ਜਾਵੇ ਅਤੇ ਇਸ ਸਬੰਧੀ ਇਸ ਦਫਤਰ ਨੂੰ ਵੀ ਸੂਚਿਤ ਕੀਤਾ ਜਾਵੇ।

ਨੱਥੀ/ਸਰਟੀਫਿਕੇਟ

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ, ਲੋ.ਨਿ.ਵਿ. ਭਤੇਮ ਸ਼ਾਖਾ,
ਫਿਰੋਜ਼ਪੁਰ

ਪਿੱਠ ਅੰਕਣ ਨੰ. ਮਿਤੀ:

ਉਪਰੋਕਤ ਦਾ ਉਤਾਰਾ ਉਪ ਮੰਡਲ ਇੰਜੀਨੀਅਰ, ਉਸਾਰੀ ਉਪ ਮੰਡਲ ਭਤੇਮ ਸ਼ਾਖਾ, ਜਲਾਲਾਬਾਦ ਨੂੰ ਉਨ੍ਹਾਂ ਦੇ ਦਫਤਰ ਦੇ ਪੱਤਰ ਨੰ. 468 ਮਿਤੀ 24.12.2024 ਦੇ ਹਵਾਲੇ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਨੱਥੀ/x

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ, ਲੋ.ਨਿ.ਵਿ. ਭਤੇਮ ਸ਼ਾਖਾ,
ਫਿਰੋਜ਼ਪੁਰ।